# ਡਾਇਰੈਕਟੋਰੇਟ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਪੰਜਾਬ।

ਸੈਕਟਰ 36-ਏ, ਪਲਾਟ ਨੰ: 1-ਏ, ਚੰਡੀਗੜ੍ਹ।

Website : www.dtepunjab.gov.in, e-mail: onlinedakhla@gmail.com

Fax: 2614622, Phone : 5022357, 5022380, 5022367


# ਆਨ ਲਾਈਨ ਦਾਖਲਾ ਨੋਟਿਸ

## ਸੈਸ਼ਨ ਅਗਸਤ 2014

ਪੰਜਾਬ ਰਾਜ ਦੀਆਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਅਤੇ ਪ੍ਰਾਈਵੇਟ ਐਫੀਲੇਟਿਡ ਉਦਯੋਗਿਕ ਸਿਖਲਾਈ ਸੰਸਥਾਵਾਂ/ਕੇਂਦਰਾਂ ਵਿਚ ਸੈਸ਼ਨ ਅਗਸਤ 2014 ਲਈ ਕਰਾਫਟਸਮੈਨ ਸਕੀਮ ਅਧੀਨ ਵੱਖ-ਵੱਖ ਟਰੇਡਾਂ ਅਤੇ ਐਸ.ਸੀ.ਵੀ.ਟੀ. ਅਧੀਨ ਪੰਜਾਬੀ ਸਟੈਨੋ ਅਤੇ ਆਰਟ ਤੇ ਕਰਾਫਟ ਟੀਚਰ ਟ੍ਰੇਨਿੰਗ ਕੋਰਸਾਂ ਵਾਸਤੇ ਹੇਠ ਦਰਸਾਈਆਂ ਮਿਤੀਆਂ ਅਨੁਸਾਰ ਦਾਖਲਾ ਹੋਵੇਗਾ :-

| S.No. | Procedure | | Dates |
|---|---|---|---|
| 1. | Online Registration by Candidates | | 05.05.2014 to 23.06.2014 |
| 2. | Document Verification by DI s | | 05.05.2014 to 28.06.2014 |
| 3. | First Counselling | | |
| | Online Choice Filling 20.05.2014 to 30.06.2014 | Result Declaration 03.07.2014 | Reporting by Candidates at Institues 04.07.2014 to 10.07.2014 |
| 4. | Second Counselling | | |
| | Online Choice Filling 11.07.2014 to 19.07.2014 | Result Declaration 22.07.2014 | Reporting by Candidates at Institues 23.07.2014 to 30.07.2014 |
| 5. | Third Counselling | | |
| | Online Choice Filling 01.08.2014 to 06.08.2014 | Result Declaration 08.08.2014 | Reporting by Candidates at Institues 09.08.2014 to 13.08.2014 |

ਨੋਟ : 1) ਦਾਖਲੇ ਲਈ ਚਾਹਵਾਨ ਬਿਨੈਕਾਰ ਵੈਬਸਾਈਟ **www.itipunjab.nic.in** 'ਤੇ Online ਰਜਿਸਟਰ ਕਰ ਸਕਦੇ ਹਨ। ਜੇਕਰ ਬਿਨੈਕਾਰ ਨੂੰ ਆਨ ਲਾਈਨ ਅਪਲਾਈ ਕਰਨ ਸਮੇਂ ਕੋਈ ਦਿੱਕਤ ਪੇਸ਼ ਆਉਂਦੀ ਹੈ ਤਾਂ ਆਨ ਲਾਈਨ ਦਾਖਲੇ ਲਈ ਅਪਲਾਈ ਕਰਨ ਲਈ ਨਜ਼ਦੀਕੀ ਸਰਕਾਰੀ ਆਈ.ਟੀ.ਆਈ'ਜ਼ ਅਤੇ ਪ੍ਰਾਈਵੇਟ ਆਈ.ਟੀ.ਆਈ'ਜ਼ ਤੋਂ ਮਦਦ/ਜਾਣਕਾਰੀ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ।

2) ਉਮੀਦਵਾਰ ਵੱਲੋਂ ਕਿਸੇ ਤਰ੍ਹਾਂ ਦੀ ਸਹਾਇਤਾ ਜਾਂ ਅੰਗਵਾਈ ਲਈ ਫੋਨ ਨੰ: 9041013690-91-92-93-94 'ਤੇ ਸੰਪਰਕ ਕੀਤਾ ਜਾ ਸਕਦਾ ਹੈ ਜਾਂ e-mail : **help.itichd@gmail.com** 'ਤੇ ਮੇਲ ਵੀ ਕਰ ਸਕਦੇ ਹਨ।

## ਗਾਈਡ ਲਾਈਨਜ਼

| | |
|---|---|
| 1. | ਵੱਖ-ਵੱਖ ਟਰੇਡਾਂ ਦੇ ਦਾਖਲੇ ਲਈ ਵਿਦਿਅਕ ਯੋਗਤਾਵਾਂ, ਸੀਟਾਂ ਦੀ ਜਾਣਕਾਰੀ ਅਤੇ ਉਮਰ ਸੀਮਾ ਆਦਿ ਸਰਕਾਰੀ ਪ੍ਰਾਸਪੈਕਟਸ **Online** ਦਾਖਲਾ ਅਗਸਤ 2014 ਵਿਚ ਦਰਸਾਈਆਂ ਗਈਆਂ ਹਨ ਜੋ ਕਿ ਵੈਬਸਾਈਟ **www.itipunjab.nic.in** ਅਤੇ **www.dtepunjab.gov.in** 'ਤੇ ਉਪਲਬੱਧ ਹੈ। |
| 2. | ਆਨ ਲਾਈਨ ਅਪਲਾਈ ਕਰਨ ਲਈ ਹਰੇਕ ਆਈ.ਟੀ.ਆਈ. ਵਿਚ ਹੈਲਪ ਡੈਸਕ ਕੰਮ ਕਰਨਗੇ। ਉਮੀਦਵਾਰ ਨੇੜੇ ਦੀ ਸਰਕਾਰੀ ਸੰਸਥਾ ਵਿਚ ਜਾਂ ਕੇ ਅਪਲਾਈ ਕਰਨ ਲਈ ਅਗਵਾਈ ਅਤੇ ਸਹਾਇਤਾ ਮੁਫਤ ਲੈ ਸਕਦੇ ਹਨ। |
| 3. | ਉਮੀਦਵਾਰਾਂ ਵੱਲੋਂ ਆਨ ਲਾਈਨ ਦਾਖਲੇ ਲਈ ਉਪਰੋਕਤ ਦਾਖਲਾ ਸ਼ਡਿਊਲ ਦੇ ਲੜੀ ਨੰ: 1 ਵਿਚ ਦਰਸਾਈਆਂ ਮਿਤੀਆਂ ਨੂੰ ਹੀ ਅਪਲਾਈ/ਰਜਿਸਟਰੇਸ਼ਨ ਕੀਤੀ ਜਾ ਸਕਦੀ ਹੈ, ਉਪਰੰਤ ਕੋਈ ਰਜਿਸਟਰੇਸ਼ਨ ਨਹੀਂ ਹੋਵੇਗੀ। |
| 4. | ਪਹਿਲੀ ਅਤੇ ਦੂਜੀ ਕੌਂਸਲਿੰਗ ਦੌਰਾਨ ਦਾਖਲੇ ਵਿਚ ਰਿਜ਼ਰਵੇਸ਼ਨ ਪੰਜਾਬ ਸਰਕਾਰ ਵੱਲੋਂ ਨਿਰਧਾਰਤ ਰਿਜ਼ਰਵੇਸ਼ਨ ਪਾਲਿਸੀ ਮੁਤਾਬਿਕ ਹੋਵੇਗੀ। ਉਪਰੰਤ ਸਮੂਹ ਰਿਜ਼ਰਵ ਕੈਟਾਗਰੀ ਨਾਲ ਸੰਬੰਧਿਤ ਖਾਲੀ ਰਹਿ ਗਈਆਂ ਸੀਟਾਂ ਤੀਜੀ ਕੌਂਸਲਿੰਗ ਦੌਰਾਨ ਰਾਜ ਸਰਕਾਰ ਦੀ ਨੋਟੀਫਿਕੇਸ਼ਨ ਨੰ: 2/12/2005-2TE (1)980, ਮਿਤੀ : 23-6-05 ਦੇ ਪੈਰਾ 5(C) ਅਨੁਸਾਰ ਸਾਂਝੀ ਮੈਰਿਟ ਦੇ ਆਧਾਰ 'ਤੇ ਭਰੀਆਂ ਜਾਣਗੀਆਂ। |
| 5. | ਰਿਜ਼ਰਵ ਕੈਟਾਗਰੀ ਨਾਲ ਸੰਬੰਧਿਤ ਉਮੀਦਵਾਰ ਆਪਣੀ ਸੀਟ ਦੇ ਕਲੇਮ ਸਬੰਧੀ ਸਮਰੱਥ ਅਧਿਕਾਰੀ ਤੋਂ ਜਾਰੀ ਕੀਤਾ ਅਸਲ ਸਰਟੀਫਿਕੇਟ ਲੈ ਕੇ ਆਉਣਗੇ। ਅਜਿਹਾ ਸਬੂਤ ਉਪਰੋਕਤ ਦਾਖਲਾ ਸ਼ਡਿਊਲ ਦੇ ਲੜੀ ਨੰ: 2 ਵਿਚ ਦਰਸਾਈਆਂ ਮਿਤੀਆਂ ਨੂੰ ਡੀ.ਆਈ. (ਡੈਜ਼ੀਗਨੇਟਿਡ ਇੰਸਟੀਚਿਊਟ) ਨੂੰ ਪੇਸ਼ ਨਾ ਕਰਨ ਦੀ ਸੂਰਤ ਵਿਚ ਉਸ ਨੂੰ ਰਿਜ਼ਰਵ ਕੈਟਾਗਰੀ ਵਜੋਂ ਨਹੀਂ ਵਿਚਾਰਿਆ ਜਾਵੇਗਾ। |
| 6. | ਸਰਕਾਰੀ ਆਈ.ਟੀ.ਆਈਜ਼ ਜਿਹੜੀਆਂ ਡੈਜ਼ੀਗਨੇਟਿਡ ਇੰਸਟੀਚਿਊਟ (ਡੀ.ਆਈ.) ਹਨ, ਦੀ ਲਿਸਟ ਪ੍ਰਾਸਪੈਕਟ ਅਤੇ ਵੈਬਸਾਈਟ **www.itipunjab.nic.in** ਅਤੇ **www.dtepunjab.gov.in** 'ਤੇ ਵੀ ਉਪਲਬੱਧ ਹੈ। ਉਮੀਦਵਾਰ ਇਨ੍ਹਾਂ 94 ਡੀ.ਆਈ. ਸੰਸਥਾਵਾਂ ਵਿਚੋਂ, ਆਪਣੀ ਸੁਵਿਧਾ ਅਨੁਸਾਰ ਕਿਸੇ ਵੀ ਸੰਸਥਾ ਤੋਂ ਆਪਣੇ ਸਰਟੀਫਿਕੇਟ ਵੈਰੀਫ਼ਾਈ ਕਰਵਾ ਸਕਦੇ ਹਨ। |
| 7. | ਜਿਨ੍ਹਾਂ ਉਮੀਦਵਾਰਾਂ ਨੂੰ ਪਹਿਲੀ ਕੌਂਸਲਿੰਗ ਦੌਰਾਨ ਦਾਖਲਾ ਨਹੀਂ ਮਿਲਿਆ, ਉਨ੍ਹਾਂ ਵੱਲੋਂ ਉਪਰੋਕਤ ਦਾਖਲਾ ਸ਼ਡਿਊਲ ਦੇ ਲੜੀ ਨੰ: 4 ਵਿਚ ਦਰਸਾਈਆਂ ਮਿਤੀਆਂ ਨੂੰ ਆਪਣੀ Choice Filling ਮੁੜ ਭਰੀ ਜਾਵੇਗੀ। ਇਸੇ ਤਰ੍ਹਾਂ ਜਿਨ੍ਹਾਂ ਨੂੰ ਪਹਿਲੀ ਕੌਂਸਲਿੰਗ ਅਤੇ ਦੂਜੀ ਕੌਂਸਲਿੰਗ ਦੌਰਾਨ ਦਾਖਲਾ ਨਹੀਂ ਮਿਲਿਆ, ਉਨ੍ਹਾਂ ਵੱਲੋਂ ਉਪਰੋਕਤ ਦਾਖਲਾ ਸ਼ਡਿਊਲ ਦੇ ਲੜੀ ਨੰ: 5 ਵਿਚ ਦਰਸਾਈਆਂ ਮਿਤੀਆਂ ਨੂੰ ਆਪਣੀ Choice Filling ਮੁੜ ਭਰੀ ਜਾਵੇਗੀ। |
| 8. | ਵਿਭਾਗ/ਰਾਜ ਸਰਕਾਰ ਵੱਲੋਂ ਜਾਰੀ ਰਿਜ਼ਰਵੇਸ਼ਨ ਪਾਲਸੀ/ਹਦਾਇਤਾਂ/ਯੂਜ਼ਰ ਮੈਨੂਅਲ ਵੈਬਸਾਈਟ **www.itipunjab.nic.in** ਅਤੇ ਵਿਭਾਗ ਦੀ ਵੈਬਸਾਈਟ (Folder Admission in Govt & Pvt. ITI) **www.dtepunjab.gov.in** 'ਤੇ ਉਪਲਬੱਧ ਹੈ। |
| 9. | ਆਨ ਲਾਈਨ ਦਾਖਲੇ ਦੀ ਮਦਦ ਲਈ ਵੈਬਸਾਈਟ ਦੇ ਲਿੰਕ http://**www.itipunjab.nic.in/candidate/documents/instructions.pdf** ਵੀ ਵੇਖਿਆ ਜਾ ਸਕਦਾ ਹੈ। |
| 10. | ਪਹਿਲੀ ਅਤੇ ਦੂਜੀ ਕੌਂਸਲਿੰਗ ਦੌਰਾਨ ਦਾਖਲ ਸਿਖਿਆਰਥੀਆਂ ਦੀਆਂ ਕਲਾਸਾਂ ਮਿਤੀ 01 ਅਗਸਤ 2014 ਤੋਂ ਲੱਗਣਗੀਆਂ ਅਤੇ ਤੀਜੀ ਕੌਂਸਲਿੰਗ ਦੌਰਾਨ ਦਾਖਲ ਸਿਖਿਆਰਥੀਆਂ ਦੀਆਂ ਕਲਾਸਾਂ ਮਿਤੀ 14 ਅਗਸਤ 2014 ਤੋਂ ਲੱਗਣਗੀਆਂ। |

ਮਿਤੀ, ਚੰਡੀਗੜ੍ਹ
29.04.2014
PR-2014/1064-D

ਬੀ.ਪੁਰੁਸ਼ਾਰਥਾ ਆਈ.ਏ.ਐਸ.
ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ ਪੰਜਾਬ।